**Module 2 - – ਆਮਦਨੀ ਅਤੇ ਟੈਕਸ (Income and Taxes ) ACTIVITY SHEET 2-4**

**ਮਰੀਆ ਅਤੇ ਫਰਨਾਡੋ ਦੀ ਕਹਾਣੀ (Maria and Fernando's story)**

ਮਰੀਆ ਅਤੇ ਉਸ ਦਾ ਪਤੀ ਫਰਨਾਡੋ ਦੋਨੋਂ ਮਿਲ ਕੇ ਰਾਤ ਦੇ ਸਮੇਂ ਇਕ ਆਫ਼ਿਸ ਦੀ ਵੱਡੀ ਇਮਾਰਤ ਦੀ ਸਫ਼ਾਈ ਦਾ ਕੰਮ ਕਰਦੇ ਹਨ। ਉਨ੍ਹਾਂ ਨੂੰ ਇਕ ਆਦਮੀ ਦਵਾਰਾ ਨਿਯੁਕਤ ਕੀਤਾ ਗਿਆ ਸੀ ਜੋ ਇਕ ਵੱਡੀ ਕਲੀਨਿੰਗ ਕੰਪਨੀ ਨੂੰ ਚਲਾ ਰਿਹਾ ਹੈ। ਉਨ੍ਹਾਂ ਦੋਹਾਂ ਨੂੰ ਹਰ ਮਹੀਨੇ ਦੋ ਵਾਰ ਦੋ-ਦੋ ਤਨਖ਼ਾਹ ਦੇ ਚੈਕ ਮਿਲਦੇ ਹਨ।

ਫਰਵਰੀ ਵਿੱਚ, ਪਿਛਲੇ ਸਾਲ ਲਈ ਟੈਕਸ ਭਰਣ ਦਾ ਸਮਾਂ ਸੀ। ਉਨ੍ਹਾਂ ਨੇ ਕਲੀਨਿੰਗ ਕੰਪਨੀ ਦੇ ਆਦਮੀ ਨੂੰ ਉਨ੍ਹਾਂ ਦੀਆਂ ਟੀ-4 ਸਲਿਪਾਂ ਲਈ ਪੁੱਛਿਆ। ਉਨ੍ਹਾਂ ਨੂੰ ਟੈਕਸ ਰੀਟਰਨ ਵਿੱਚ ਇਨ੍ਹਾਂ ਸਲਿਪਾਂ ਦਵਾਰਾ ਵਖਾਓਣਾ ਸੀ ਕਿ ਉਨ੍ਹਾਂ ਨੇ ਸਰਕਾਰ ਨੂੰ ਇਨਕਮ ਟੈਕਸ ਦੇ ਰੂਪ ਵਿੱਚ ਕਿੰਨੇ ਪੈਸੇ ਭੇਜੇ ਹਨ।

ਉਸ ਆਦਮੀ ਨੇ ਕਿਹਾ, " ਤੁਸੀਂ ਕਰਮਚਾਰੀ ਨਹੀਂ ਹੋ। ਤੁਸੀਂ ਠੇਕੇਦਾਰ (ਕੰਨਟਰੈਕਟਰ) ਹੋ"।

ਉਸ ਆਦਮੀ ਨੇ ਉਨ੍ਹਾਂ ਲਈ ਕੋਈ ਇਨਕਮ ਟੈਕਸ ਸਰਕਾਰ ਨੂੰ ਨਹੀਂ ਭੇਜਿਆ ਸੀ। ਉਸ ਨੇ ਕਿਹਾ, "ਤੁਹਾਡਾ ਆਪਣਾ ਕਾਰੋਬਾਰ ਹੈ"।

ਮਰੀਆ ਅਤੇ ਫਰਨਾਡੋ ਨੇ ਆਮਦਨ ਤਾਂ ਕਮਾਈ ਸੀ, ਪਰੰਤੂ ਕੋਈ ਇਨਕਮ ਟੈਕਸ ਅਦਾ ਨਹੀਂ ਕੀਤਾ ਸੀ। ਉਨ੍ਹਾਂ ਨੇ ਸੋਚਿਆ ਨਹੀਂ ਸੀ ਕਿ ਉਹ ਆਪਣਾ ਕਾਰੋਬਾਰ ਕਰ ਰਹੇ ਹਨ, ਇਸ ਲਈ ਉਨ੍ਹਾਂ ਨੇ ਟੈਕਸ ਅਦਾ ਕਰਨ ਲਈ ਕੋਈ ਪੈਸਾ ਅਲਗ ਵੀ ਨਹੀਂ ਸੀ ਰੱਖਿਆ।

ਇਸ ਤੋਂ ਇਲਾਵਾ, ਉਨ੍ਹਾਂ ਨੇ ਆਪਣੇ ਖ਼ਰਚ ਦੀਆਂ ਕੋਈ ਰਸੀਦਾਂ ਵੀ ਸਾਂਭ ਕੇ ਨਹੀਂ ਰੱਖੀਆਂ ਸਨ। ਰਸੀਦਾਂ ਤੋਂ ਬਿਨ੍ਹਾਂ ਉਹ ਵਪਾਰ ਸੰਬੰਧਤ ਕਟੌਤੀਆਂ ਲਈ ਦਾਅਵਾ ਨਹੀਂ ਕਰ ਸਕਦੇ।
ਸਰਕਾਰ ਨੂੰ ਦੇਣ ਯੋਗ ਸੀ.ਪੀ.ਪੀ. ਅਤੇ ਇਨਕਮ ਟੈਕਸ ਦੀ ਰਕਮ ਅਦਾ ਕਰਨ ਲਈ ਉਨ੍ਹਾਂ ਨੂੰ ਆਪਣੀ ਬਚਤ ਦੀ ਵਰਤੋਂ ਕਰਨੀ ਪਈ।

ਤੁਸੀਂ ਕੀ ਸੋਚਦੇ ਹੋ ਕਿ ਮਰੀਆ ਅਤੇ ਫਰਨਾਡੋ ਇੰਪਲਾਈ ਹਨ ਜਾਂ ਸੈਲਫ-ਇੰਪਲਾਇਡ ਕੰਨਟਰੈਕਟਰ?

ਜੇਕਰ ਉਹ ਉਸ ਆਦਮੀ ਦੇ ਇੰਮਪਲਾਈ ਹੁੰਦੇ ਤਾਂ ਉਨ੍ਹਾਂ ਨੇ ਕੀ ਪ੍ਰਾਪਤ ਕਰਦੇ ਹੋਣਾ ਸੀ?

ਜੇ ਉਹ ਇਕ ਕਲੀਨਰ ਕਨਟਰੈਕਟਰ ਦੀ ਤਰ੍ਹਾਂ ਕੰਮ ਕਰਦੇ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਅਗਲੇ ਸਾਲ ਇਨਕਮ ਟੈਕਸ ਭਰਨ ਲਈ ਤਿਆਰ ਰਹਿਣ ਵਾਸਤੇ ਕੀ ਕਰਦੇ ਰਹਿਣਾ ਚਾਹੀਦਾ ਹੈ?

ਜੇ ਮਰੀਆ ਅਤੇ ਫਰਨਾਡੋ ਦੇ ਕੁਝ ਸਵਾਲ ਹੋਣ ਤਾਂ ਉਨ੍ਹਾਂ ਨੂੰ ਕਿਸ ਦੇ ਨਾਲ ਗਲ੍ਹ ਕਰਨੀ ਚਾਹੀਦੀ ਹੈ?